ਭਗਤ ਨਾਮਦੇਵ - ਸਬਦ ੫੫

ਦਾਸ ਅਨਿੰਨ ਮੇਰੋ ਨਿਜ ਰੂਪ ॥

ਰਾਗੁ ਸਾਰੰਗ, ਭਗਤ ਨਾਮਦੇਵ, ਗੁਰੂ ਗ੍ਰੰਥ ਸਾਹਿਬ, ੧੨੫੨

ਦਾਸ ਅਨਿੰਨ ਮੇਰੋ ਨਿਜ ਰੂਪ ॥
ਦਰਸਨ ਨਿਮਖ ਤਾਪ ਤ੍ਰਈ ਮੋਚਨ ਪਰਸਤ ਮੁਕਤਿ ਕਰਤ ਗ੍ਰਿਹ ਕੂਪ ॥੧॥ ਰਹਾਉ ॥
ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ॥
ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥੧॥
ਮੈ ਗੁਨ ਬੰਧ ਸਗਲ ਕੀ ਜੀਵਨਿ ਮੇਰੀ ਜੀਵਨਿ ਮੇਰੇ ਦਾਸ ॥
ਨਾਮਦੇਵ ਜਾ ਕੇ ਜੀਅ ਐਸੀ ਤੈਸੋ ਤਾ ਕੈ ਪ੍ਰੇਮ ਪ੍ਰਗਾਸ ॥੨॥੩॥

ਸਾਰ: ਸਿੰਧ-ਸਿਧਾਂਤ ਵਿਚ ਤ੍ਰੈ ਤਾਪ ਦੀ ਧਾਰਨਾ ਇਹ ਦਰਸਾਉਂਦੀ ਹੈ ਕਿ ਮਨੁੱਖੀ ਦੁੱਖ ਤਿੰਨ ਅੰਤਰਸੰਬੰਧਿਤ ਸੋਮਿਆਂ ਤੋਂ ਉਤਪੰਨ ਹੁੰਦਾ ਹੈ: ਸਾਡਾ ਸਰੀਰ ਅਤੇ ਮਨ, ਸੰਸਾਰ ਨਾਲ ਹੁੰਦੀ ਸਾਡੀ ਵਾਰਤਾਲਾਪ, ਅਤੇ ਸਾਡੇ ਨਿਯੰਤਰਣ ਤੋਂ ਬਾਹਰ ਦੀਆਂ ਅਣਕਿਆਸੀਆਂ ਸ਼ਕਤੀਆਂ। ਇਹ ਭਾਵ ਦਰਸਾਉਂਦਾ ਹੈ ਕਿ ਦੁੱਖ ਮਨੁੱਖੀ ਜੀਵਨ-ਯਾਤਰਾ ਦਾ ਇਕ ਅਟੁੱਟ ਹਿੱਸਾ ਹੈ। ਭਾਵੇਂ ਅਸੀਂ ਆਪਣੀਆਂ ਪਰਿਸਥਿਤੀਆਂ ਦੀ ਚੋਣ ਨਹੀਂ ਕਰ ਸਕਦੇ, ਪਰ ਅਸੀਂ ਇਹ ਜ਼ਰੂਰ ਚੁਣ ਸਕਦੇ ਹਾਂ ਕਿ ਉਨ੍ਹਾਂ ਪ੍ਰਤੀ ਪ੍ਰਤੀਕਿਰਿਆ ਕਿਵੇਂ ਕਰਨੀ ਹੈ। ਗੂੜ੍ਹ ਆਤਮ-ਪੜਚੋਲ ਰਾਹੀਂ ਦੁੱਖ, ਗਿਆਨ, ਦ੍ਰਿੜਤਾ ਅਤੇ ਦਇਆ ਦਾ ਪ੍ਰੇਰਣਾਦਾਇਕ ਸਰੋਤ ਬਣ ਸਕਦਾ ਹੈ। ਇਸ ਸਾਂਝੇ ਮਨੁੱਖੀ ਅਨੁਭਵ ਨੂੰ ਸਵੀਕਾਰ ਕਰਕੇ ਅਸੀਂ ਦੁੱਖ ਨੂੰ ਅੰਤਰੀਵੀ ਵਿਕਾਸ ਦੇ ਮੌਕੇ ਵਿਚ ਬਦਲ ਸਕਦੇ ਹਾਂ।

ਦਾਸ ਅਨਿੰਨ ਮੇਰੋ ਨਿਜ ਰੂਪ ॥
ਏਕਮਤਾ ਪ੍ਰਤੀ ਸਮਰਪਣ ਮੇਰਾ ਮੂਲ ਸਰੂਪ ਹੈ। ਇਹ ਭਾਵ ਸਮਝਾਉਂਦਾ ਹੈ ਕਿ ਨਾ ਤਾਂ ਵਿਛੋੜਾ ਹੈ ਅਤੇ ਏਕਤਾ ਹੀ ਅੰਤਮ ਸੱਚ ਹੈ।

ਦਰਸਨ ਨਿਮਖ ਤਾਪ ਤ੍ਰਈ ਮੋਚਨ ਪਰਸਤ ਮੁਕਤਿ ਕਰਤ ਗ੍ਰਿਹ ਕੂਪ ॥੧॥ ਰਹਾਉ ॥
ਇਕ ਪਲ ਦੀ ਝਲਕ ਤਿੰਨਾਂ ਕਿਸਮਾਂ ਦੇ ਦੁੱਖਾਂ ਨੂੰ ਦੂਰ ਕਰ ਦਿੰਦੀ ਹੈ; ਇਸ ਨੂੰ ਕਲਾਵੇ ਵਿਚ ਲੈ ਅਸੀਂ ਆਪਣੀ ਹੋਂਦ ਨਾਲ ਜੁੜੇ ਗੂੜ੍ਹ ਮੋਹ ਤੋਂ ਮੁਕਤ ਹੋ ਜਾਂਦੇ ਹਾਂ। ਇਹ ਭਾਵ ਦਰਸਾਉਂਦਾ ਹੈ ਕਿ ਜਾਗਰੂਕਤਾ ਦੇ ਸਿਰਫ਼ ਨੇੜੇ ਆ ਜਾਣ ਨਾਲ ਹੀ ਮਨੋਵਿਗਿਆਨਕ ਪੀੜਾ ਸ਼ਾਂਤ ਹੋ ਸਕਦੀ ਹੈ ਅਤੇ ਸੰਸਾਰਕ ਮੋਹ-ਮਾਇਆ ਦੇ ਭਰਮ ਟੁੱਟ ਸਕਦੇ ਹਨ। (੧)(ਠਹਿਰਾਉ)

ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ॥
ਮੇਰੇ ਬੰਧਨ ਭਗਤੀ ਰਾਹੀਂ ਮੁਕਤ ਹੋ ਸਕਦੇ ਹਨ, ਪਰ ਜਿਸ ਭਗਤੀ ਨੇ ਮੈਨੂੰ ਆਪਣੇ ਨਾਲ ਬੰਨ੍ਹ ਲਿਆ ਹੈ, ਉਸ ਨੂੰ ਮੈਂ ਛੱਡ ਨਹੀਂ ਸਕਦਾ। ਇਹ ਭਾਵ ਪਿਆਰ ਦੇ ਵਿਰੋਧਾਭਾਸ ਨੂੰ ਦਰਸਾਉਂਦਾ ਹੈ: ਸੱਚੀ ਤਦਰੂਪਤਾ ਸਕਾਰਾਤਮਕਤਾ ਦੇ ਨਾਲ ਬੱਝੀ ਹੁੰਦੀ ਹੈ, ਜਿਸਨੂੰ ਨਕਾਰਾਤਮਕਤਾ ਕਦੇ ਖਤਮ ਨਹੀਂ ਕਰ ਸਕਦੀ।

ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥੧॥
ਸਮੇਂ ਦੇ ਇਕ ਅਜਿਹਾ ਪਲ ਜਦੋਂ ਇਸ ਨੇ ਮੈਨੂੰ ਸਮਝ ਰਾਹੀਂ ਆਪਣੇ ਨਾਲ ਬੰਨ੍ਹ ਲਿਆ ਤਦ ਮੈਨੂੰ ਕੋਈ ਡਰ ਤੋਖਲਾ ਨਹੀਂ ਰਿਹਾ। ਇਹ ਭਾਵ ਸ਼ਰਧਾ ਦੀ ਅਟੱਲਤਾ ਨੂੰ ਦਰਸਾਉਂਦਾ ਹੈ ਜਦੋਂ ਇਹ ਅੰਤਹਕਰਣ ਨਾਲ ਆਪਣਾ ਸੰਬੰਧ ਜੋੜ ਲੈਂਦੀ ਹੈ ਤਾਂ ਹਉਮੈ ਕੋਲ ਇਸ ਦਾ ਵਿਰੋਧ ਕਰਨ ਦੀ ਕੋਈ ਦਲੀਲ ਨਹੀਂ ਬਚਦੀ। (੧)

ਮੈ ਗੁਨ ਬੰਧ ਸਗਲ ਕੀ ਜੀਵਨਿ ਮੇਰੀ ਜੀਵਨਿ ਮੇਰੇ ਦਾਸ ॥
ਮੈਂ ਸਾਰੀ ਉਮਰ ਕੁਦਰਤ ਦੇ ਨਿਯਮਾਂ ਦੇ ਗੁਣਾਂ ਨਾਲ ਬੱਝਿਆ ਹੋਇਆ ਹਾਂ, ਅਤੇ ਮੈਂ ਇਸ ਜੀਵਨ ਪ੍ਰਤੀ ਸਮਰਪਿਤ ਹਾਂ। ਇਹ ਭਾਵ ਆਪਸੀ ਸੰਬੰਧ ਵੱਲ ਸੰਕੇਤ ਕਰਦਾ ਹੈ: ਸਰਬ-ਵਿਆਪਕ ਸਤਾ ਦਾ ਅਨੁਭਵ ਜੀਵਨ ਵਿਚ ਧਾਰੇ ਹੋਏ ਗੁਣਾਂ ਰਾਹੀਂ ਹੁੰਦਾ ਹੈ, ਅਤੇ ਉਹ ਗੁਣ ਸਮਰਪਿਤ ਮਨ ਰਾਹੀਂ ਜੀਵੰਤ ਰਹਿੰਦੇ ਹਨ।

ਨਾਮਦੇਵ ਜਾ ਕੇ ਜੀਅ ਐਸੀ ਤੈਸੋ ਤਾ ਕੈ ਪ੍ਰੇਮ ਪ੍ਰਗਾਸ ॥੨॥੩॥

ਨਾਮਦੇਵ ਕਹਿੰਦੇ ਹਨ ਕਿ ਜਿਨ੍ਹਾਂ ਦੇ ਅੰਤਹਕਰਣ ਅੰਦਰ ਅਜਿਹੀ ਸੂਝ ਹੁੰਦੀ ਹੈ, ਉਨ੍ਹਾਂ ਦੇ ਅੰਦਰ ਅਜਿਹਾ ਪਿਆਰ ਪ੍ਰਕਾਸ਼ਮਾਨ ਹੁੰਦਾ ਹੈ। ਇਹ ਭਾਵ ਸੁਝਾਅ ਦਿੰਦਾ ਹੈ ਤਦੋਂ ਪਿਆਰ ਕੀਤਾ ਨਹੀਂ ਜਾਂਦਾ ਬਲਕਿ ਉਸ ਵੇਲੇ ਆਪ ਮੁਹਾਰੇ ਪ੍ਰਗਟ ਹੁੰਦਾ ਹੈ ਜਦੋਂ ਉਸਦਾ ਤੱਤਸਾਰ ਅੰਤਰੀਵੀ ਸਥਿਤੀ ਨਾਲ ਮੇਲ ਖਾਂਦਾ ਹੈ। (੨)(੩)

ਤੱਤ: ਭਗਤ ਨਾਮਦੇਵ ਇਕ ਗੂੜ੍ਹ ਸੱਚਾਈ ਨੂੰ ਪ੍ਰਗਟ ਕਰਦੇ ਹਨ: ਪਿਆਰ ਕੇਵਲ ਕਿਸੇ ਦਿਖਾਵੇ ਦਾ ਨਾਮ ਨਹੀਂ, ਇਸ ਦਾ ਉਦਭਵ ਤਾਂ ਸਾਡੀ ਪੁਖਤਾ ਪ੍ਰਮਾਣਿਕਤਾ ਵਿਚੋਂ ਹੁੰਦਾ ਹੈ। ਜਦੋਂ ਅਸੀਂ ਦਿਖਾਵੇ, ਡਰ ਅਤੇ ਦੂਜਿਆਂ ਤੋਂ ਮਨਜ਼ੂਰੀ ਲੈਣ ਦੀ ਲੋੜ ਤੋਂ ਮੁਕਤ ਹੁੰਦੇ ਹਾਂ, ਤਾਂ ਪਿਆਰ ਸੁਭਾਵਿਕ ਰੂਪ ਵਿਚ ਵਿਗਸਦਾ ਹੈ। ਇਸ ਖੁੱਲ੍ਹੇਪਣ ਵਿਚ ਪਿਆਰ ਹਉਮੈ ਦੀਆਂ ਜ਼ੰਜ਼ੀਰਾਂ ਤੋੜ ਦਿੰਦਾ ਹੈ ਅਤੇ ਸਾਨੂੰ ਇਕ ਦੂਜੇ ਦੇ ਦੁੱਖ-ਸੁੱਖ ਵਿਚ ਭਾਈਵਾਲ ਬਣਾਉਂਦਾ ਹੈ। ਜਦੋਂ ਸਾਡਾ ਅੰਤਰੀਵੀ ਸੱਚ ਸਾਡੇ ਕਰਮਾਂ ਨਾਲ ਇਕਸੁਰ ਹੋ ਜਾਂਦਾ ਹੈ, ਤਾਂ ਪਿਆਰ ਪ੍ਰਮਾਣਿਕਤਾ ਅਤੇ ਗੂੜ੍ਹਤਾ ਨਾਲ ਸਰਸ਼ਾਰ ਹੋ ਜਾਂਦਾ ਹੈ। ਜਦੋਂ ਵਿਛੋੜੇ ਦਾ ਅਹਿਸਾਸ ਧੁੰਦਲਾ ਪੈ ਜਾਂਦਾ ਹੈ ਫਿਰ ਨਾ ਤਾਂ ਇਹ ਕਿਸੇ ਨੂੰ ਆਪਣਾ ਬਣਾਉਣ ਦੀ ਲਾਲਸਾ ਰੱਖਦਾ ਹੈ ਅਤੇ ਨਾ ਹੀ ਕਿਸੇ ਬਾਹਰੀ ਮਨਜ਼ੂਰੀ ਦੀ ਮੰਗ ਕਰਦਾ ਹੈ। ਇਸ ਤਰ੍ਹਾਂ ਪਿਆਰ ਏਕਮਤਾ ਨਾਲ ਜੁੜੇ ਹਿਰਦੇ ਦੀ ਭਾਸ਼ਾ ਬਣ ਜਾਂਦਾ ਹੈ, ਜੋ ਗੂੜ੍ਹ ਸੰਬੰਧ ਅਤੇ ਅਰਥਾਂ ਨੂੰ ਜਨਮ ਦਿੰਦਾ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**